ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040224
Available online at: www.armaan.org.in
DOI: https://doi.org/10.64119/armaan.vol.4.issue2.24

# ਵਿਸ਼ਵੀਕਰਨ ਦੇ ਦੌਰ ਵਿਚ ਨਾਰੀ ਚੇਤਨਾ: 'ਇਕ ਦਿਨ' ਦੇ ਸੰਦਰਭ ਵਿਚ

# Vishvikarn De Dor Vich Nari Chetna: 'Ikk Din' De Sandarbh Vich

**ਮਨਪ੍ਰੀਤ ਕੌਰ (Manpreet Kaur)**
ਖੋਜਾਰਥੀ, ਪੰਜਾਬੀ ਵਿਭਾਗ (Research Scholar, Dept. of Punjabi)
ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ (ਹਰਿਆਣਾ)- 136119
Email ID: mk3239271@gmail.com

**ਸਾਰ (Abstract)**

*ਵਿਸ਼ਵੀਕਰਨ ਦੇ ਪ੍ਰਭਾਵੀ ਅਤੇ ਸੰਭਾਵੀ ਨਤੀਜਿਆ ਕਾਰਨ ਮਨੁੱਖੀ ਸੋਚ ਵਿਚ ਕਾਫ਼ੀ ਪਰਿਵਰਤਨ ਆਇਆ ਹੈ। ਬਦਲ ਰਹੇ ਸਮਾਜਿਕ ਅਤੇ ਆਰਥਿਕ ਢਾਂਚੇ ਅਧੀਨ ਮਨੁੱਖ ਆਪਣੇ ਵਿਅਕਤੀਤਵ ਪ੍ਰਤੀ ਚਿੰਤਤ ਨਜ਼ਰ ਆਉਂਦਾ ਹੈ। ਖ਼ਾਸ ਤੌਰ 'ਤੇ ਹਾਸ਼ੀਆਗਤ ਸਮਝੀਆਂ ਜਾਂਦੀਆਂ ਧਿਰਾਂ ਇਸ ਮੰਡੀ ਦੇ ਯੁੱਗ ਵਿਚ ਆਪਣੇ ਆਪ ਨੂੰ ਸਥਾਪਿਤ ਕਰਨ ਦੇ ਆਹੁਰ ਕਰਨ ਲੱਗੀਆਂ ਹਨ। ਇਸ ਪ੍ਰਸਤਾਵਿਤ ਖੋਜ-ਪੱਤਰ ਦਾ ਵਿਸ਼ਾ ਵਿਸ਼ਵੀਕਰਨ ਦੇ ਦੌਰ ਵਿਚ ਪੈਦਾ ਹੋ ਰਹੀ ਨਾਰੀ ਚੇਤਨਾ ਨੂੰ ਤ੍ਰਿਪਤਾ ਕੇ ਸਿੰਘ ਦੇ ਕਹਾਣੀ ਸੰਗ੍ਰਹਿ ਦੇ ਸੰਦਰਭ ਵਿਚ ਸਮਝਣਾ ਹੈ। ਤ੍ਰਿਪਤਾ ਕੇ ਸਿੰਘ ਇਸ ਨਵੇਂ ਦੌਰ ਦੀ ਪ੍ਰਬੁੱਧ ਕਹਾਣੀਕਾਰਾ ਹੈ, ਜਿਸਨੇ ਆਪਣੇ ਇੱਕੋ ਇੱਕ ਕਹਾਣੀ ਸੰਗ੍ਰਹਿ 'ਇਕ ਦਿਨ' ਰਾਹੀਂ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਖਿੱਚਿਆ ਹੈ। ਤ੍ਰਿਪਤਾ ਕੇ ਸਿੰਘ ਦੀਆਂ ਕਹਾਣੀਆਂ ਅਜੋਕੀ ਨਾਰੀ ਦੇ ਅਜਿਹੇ ਬਿੰਬ ਨੂੰ ਉਘਾੜਦੀਆਂ ਹਨ ਜੋ ਨਾ ਤਾਂ ਮਰਦ ਵਿਰੋਧੀ ਭਾਵਨਾ ਰੱਖਦੀ ਹੈ ਅਤੇ ਨਾ ਹੀ ਪਰਿਵਾਰਿਕ ਰਿਸ਼ਤਿਆਂ ਨੂੰ ਤਿਲਾਂਜਲੀ ਦੇ ਕੇ ਆਪਣੇ ਮਕਸਦ ਵਿਚ ਕਾਮਯਾਬ ਹੁੰਦੀ ਹੈ, ਸਗੋਂ ਇਹ ਨਾਰੀ ਪਤੀ, ਪਰਿਵਾਰ ਅਤੇ ਸਮਾਜ ਪ੍ਰਤੀ ਵਫ਼ਾਦਾਰੀ ਪਾਲਦੀ ਹੋਈ ਪਿਤਰੀ ਸੱਤਾ ਦੀ ਉਸ ਸੋਚ ਨੂੰ ਸੱਟ ਮਾਰਦੀ ਹੈ ਜਿਸ ਵਿਚ ਔਰਤ ਅਤੇ ਮਰਦ ਦੋਵੇਂ ਹੀ ਜਕੜੇ ਹੋਏ ਹਨ।*

**ਕੀਵਰਡ (Keyword):** *ਵਿਸ਼ਵੀਕਰਨ, ਨਾਰੀ ਚੇਤਨਾ, ਅਸਤਿੱਤਵ, ਆਰਥਿਕਤਾ, ਸਿਰਜਣਾਤਮਕ, ਸ਼ਕਤੀ, ਪਿੱਤਰ ਸੱਤਾ।*

ਮੁੱਢਲੇ ਸਮਿਆਂ ਤੋਂ ਹੀ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵਧੇਰੇ ਚੇਤੰਨ ਪੱਧਰ ਤੇ ਸੋਚਦਾ ਆ ਰਿਹਾ ਹੈ। ਜਿਉਂ ਜਿਉਂ ਸਮਾਂ ਬੀਤਦਾ ਗਿਆ ਮਨੁੱਖ ਤਰੱਕੀ ਵੱਲ ਵਧਦਾ ਗਿਆ ਹੈ। ਅੱਜ ਇਥੋਂ ਤੱਕ ਪਹੁੰਚ ਗਿਆ ਹੈ ਕਿ ਉਸਨੂੰ ਮਿੰਟਾਂ ਸੈਕਿੰਡਾਂ ਦੁਨੀਆਂ ਵਿੱਚ ਕੀ ਵਾਪਰ ਰਿਹਾ ਹੈ ਇਸ ਦੀ ਖ਼ਬਰ ਲੱਗ ਜਾਂਦੀ ਹੈ। ਇਸ ਬਦਲ ਰਹੇ ਜ਼ਮਾਨੇ ਨੇ ਹਰ ਛੋਟੇ ਵੱਡੇ ਪੱਧਰ ਤੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਇਸ ਬਦਲੇ ਜ਼ਮਾਨੇ ਨੂੰ ਹੀ ਵਿਸ਼ਵੀਕਰਨ ਆਖਦੇ ਹਨ। ਅਜੋਕੇ ਦੌਰ ਵਿੱਚ ਵਿਸ਼ਵੀਕਰਨ ਦਾ ਵਰਤਾਰਾ ਸਭ ਤੋਂ ਵਧੇਰੇ ਚਰਚਿਤ ਵਰਤਾਰਾ ਹੈ। ਸੰਸਾਰਿਕ ਪੱਧਰ ਤੇ ਹੋਈ ਵਿਗਿਆਨਕ ਤਰੱਕੀ ਨੇ ਸਮੁੱਚੀ ਦੁਨੀਆਂ ਨੂੰ ਗਲੋਬਲੀ ਪਿੰਡ ਵਿੱਚ ਤਬਦੀਲ ਕਰ ਦਿੱਤਾ ਹੈ। ਮਨੁੱਖ ਇੱਕ-ਦੂਜੇ ਦੇ ਨਜ਼ਦੀਕ ਹੋ ਗਿਆ ਹੈ, ਇਸ ਨਜ਼ਦੀਕੀ ਦੇ ਕਾਰਨ ਉਸਨੂੰ ਦੂਸਰੇ ਦੀ ਹੋਂਦ ਮਹਿਸੂਸ ਹੀ ਨਹੀਂ ਹੁੰਦੀ, ਭਾਵ ਮਨੁੱਖ ਇੰਨਾ ਨੇੜੇ ਹੋਣ ਦੇ ਬਾਵਜੂਦ ਵੀ ਇਕੱਲਤਾ ਨੂੰ ਹੰਢਾ ਰਿਹਾ ਹੈ। ਸਮਕਾਲ ਜਾਂ ਇੱਕੀਵੀਂ ਸਦੀ ਅੰਦਰ ਝਾਤ ਮਾਰਦਿਆਂ ਪਤਾ ਚਲਦਾ ਹੈ ਕਿ ਇਹ ਬਦਲਾਵ ਦਾ ਦੌਰ ਹੈ, ਹਲਾਂਕਿ ਇਹ ਬਦਲਾਵ ਇਕਦਮ ਨਹੀਂ ਆਇਆ, ਸਗੋਂ ਇਸਨੇ ਆਪਣੀਆਂ ਜੜ੍ਹਾਂ ਵੀਹਵੀਂ ਸਦੀ ਵਿੱਚ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਤੋਂ ਪਹਿਲਾਂ ਵੀ ਆਦਿਮ ਸਮੇਂ ਵਿੱਚ ਮਨੁੱਖ ਨੇ ਕੁਦਰਤ ਖਿਲਾਫ਼ ਲੜਨ ਅਤੇ ਕੁਦਰਤ ਦੇ ਨੇਮਾਂ ਨੂੰ ਸਮਝਣ, ਸੋਚਣ ਤੇ ਪਰਖਣ ਦੀ ਸਮਰੱਥਾ ਹਾਸਿਲ ਕਰ ਲਈ ਸੀ। ਪਰ ਵਰਤਮਾਨ ਦੇ ਇਸ ਮਸ਼ੀਨੀ ਯੁੱਗ ਵਿਚ ਹਰ ਇਨਸਾਨ ਦੀ ਦੌੜ ਪੈਸਾ ਕਮਾਉਣ ਵਾਲੇ ਪਾਸੇ ਲੱਗੀ ਹੋਈ ਹੈ। ਜਿਸ ਕਾਰਨ ਇਨਸਾਨੀਅਤ ਮਨਫੀ ਹੋ ਰਹੀ ਹੈ, ਇਸ ਖੰਡਿਤ ਮਾਨਸਿਕਤਾ ਦਾ ਸ਼ਿਕਾਰ ਮਨੁੱਖ ਆਪਣੀ ਸਕੂਨ ਭਰੀ ਜ਼ਿੰਦਗੀ ਤੋਂ ਕਿਨਾਰਾ ਕਰ ਰਿਹਾ ਹੈ। ਨਵ-ਪੂੰਜੀਵਾਦੀ ਯੁੱਗ ਵਿਚ ਮਨੁੱਖ ਤਰੱਕੀ ਪਿੱਛੇ ਭੱਜਦਾ ਆਪਣੇ ਜੀਵਨ ਦੀਆਂ ਖ਼ਾਹਿਸ਼ਾਂ ਨੂੰ ਖੇਰੂੰ-ਖੇਰੂ ਕਰ ਰਿਹਾ ਹੈ।

'ਵਿਸ਼ਵੀਕਰਨ' ਅੰਗਰੇਜ਼ੀ ਦੇ ਸ਼ਬਦ Globalization ਦਾ ਪੰਜਾਬੀ ਵਿਚ ਅਨੁਵਾਦ ਰੂਪ ਹੈ। ਸੂਚਨਾ ਕ੍ਰਾਂਤੀ ਦੇ ਆਉਣ ਸਦਕਾ ਭੂਗੋਲਿਕ ਦੂਰੀਆਂ ਨਾ ਰਹਿ ਕੇ ਅਤੇ ਆਰਥਿਕ, ਸਮਾਜਿਕ, ਰਾਜਨੀਤਕ ਸੰਬੰਧਾਂ ਦੇ ਆਪਸ ਵਿੱਚ ਜੁੜਨ ਨਾਲ ਸੰਸਾਰ ਇੱਕ ਇਕਾਈ ਦਾ ਰੂਪ ਧਾਰ ਗਿਆ ਹੈ। *'ਵਿਸ਼ਵੀਕਰਣ ਦਾ ਅਰਥ ਹੈ ਕਿ ਆਰਥਿਕ ਕ੍ਰਿਆਵਾਂ ਨੂੰ ਦੇਸ਼ਾਂ ਦੀਆਂ ਸੀਮਾਵਾਂ ਤੋਂ ਅੱਗੇ ਸੰਸਾਰ ਪੱਧਰ 'ਤੇ ਲਿਜਾਇਆ ਜਾਵੇ। ਇਸ ਵਿੱਚ ਵਿਸ਼ਵ ਦੀਆਂ ਆਰਥਿਕਤਾਵਾਂ ਦਾ ਆਪਸ ਵਿੱਚ ਜੁੜਨਾ ਅਤੇ ਆਪਸੀ ਨਿਰਭਰਤਾ ਦਾ ਵਧਣਾ ਆਉਂਦਾ ਹੈ। ਇਸ ਵਿੱਚ ਦੇਸ਼ਾਂ ਵਿੱਚ ਵਧ ਰਿਹਾ ਵਸਤਾਂ ਅਤੇ ਸੇਵਾਵਾਂ ਦਾ ਵਪਾਰ, ਸਰਮਾਇਆ, ਤਕਨਾਲੋਜੀ, ਸੂਚਨਾ ਅਤੇ ਲੋਕਾਂ ਦਾ ਦੇਸ਼ਾਂ ਵਿੱਚ ਅਦਾਨ ਪ੍ਰਦਾਨ ਦਾ ਵਧਣਾ ਆਉਂਦਾ ਹੈ।'*[1] ਅਸਲ ਵਿਚ ਵਿਸ਼ਵੀਕਰਨ ਦਾ ਮੁੱਖ ਮਕਸਦ ਸੰਸਾਰ ਭਰ ਵਿੱਚ ਪੂੰਜੀ ਦੇ ਫੈਲਾ ਉੱਤੇ ਵਗਾਉਦੀ ਗਤੀ ਨੂੰ ਵਧਾਉਣਾ ਹੈ ਅਤੇ ਸਮੁੱਚੇ ਸੰਸਾਰ ਨੂੰ ਮੰਡੀ ਵਿਚ ਤਬਦੀਲ ਕਰਨਾ ਹੈ। ਇਸੇ ਪ੍ਰਭਾਵ ਸਦਕਾ ਮਨੁੱਖੀ ਮਾਨਸਿਕਤਾ ਆਪਣੀ ਹੋਂਦ ਪ੍ਰਤੀ ਚੇਤੰਨ ਹੋਈ ਹੈ।

ਸਾਡਾ ਮਕਸਦ ਵਿਸ਼ਵੀਕਰਨ ਦੇ ਦੌਰ ਅੰਦਰ ਔਰਤਾਂ ਵਿਚ ਪੈਦਾ ਹੋਈ ਚੇਤਨਾ

©ਅਰਮਾਨ (ARMAAN) Received: 10 May 2026 Accepted: 31 May 2026 Published: 05 June 2026

ਨੂੰ ਸਮਝਣਾ ਅਤੇ ਜਾਣਨਾ ਹੈ। ਨਾਰੀ ਚੇਤਨਾ ਤੋਂ ਅਰਥ ਸਪੱਸ਼ਟ ਹੁੰਦਾ ਹੈ ਕਿ ਜੋ ਚੇਤਨਾ ਹਰ ਇਕ ਨਾਰੀ, ਨਾਰੀ ਹੋਣ ਦੇ ਨਾਤੇ ਰੱਖਦੀ ਹੈ, ਪਰ ਯੁੱਗਾਂ ਤੋਂ ਔਰਤ ਆਪਣੇ ਅਧਿਕਾਰਾਂ, ਹੱਕਾਂ ਪ੍ਰਤੀ ਅੱਜ ਦੀ ਨਾਰੀ ਵਾਂਗ ਬੋਲ ਨਹੀਂ ਸਕਦੀ ਸੀ ਭਾਵੇਂ ਉਹ ਮੂਕ ਪੱਧਰ 'ਤੇ ਆਪਣੇ ਨਾਲ ਹੋ ਰਹੇ ਧੱਕੇ ਪ੍ਰਤੀ ਰੋਸ ਪ੍ਰਗਟ ਕਰਦੀ ਸੀ। ਇਸਦੇ ਵਿਪਰੀਤ ਵਿਸ਼ਵੀਕਰਨ ਦੇ ਇਸ ਯੁੱਗ ਅੰਦਰ ਹਰ ਹਾਸ਼ੀਆਗਤ ਧਿਰ ਆਪਣੇ ਆਪ ਲਈ ਬੋਲਣ ਦੀ ਹਿੰਮਤ ਰੱਖਣ ਲੱਗੀ ਹੈ। ਇਸੇ ਕਤਾਰ ਵਿਚ ਨਾਰੀ ਨੇ ਵੀ ਇਕ ਮਨੁੱਖ ਹੋਣ ਦੇ ਨਾਤੇ ਆਪਣੀਆਂ ਇੱਛਾਵਾਂ, ਖੁਆਇਸ਼ਾਂ ਦੀ ਸੰਪੂਰਨਤਾ ਲਈ ਸੰਘਰਸ਼ ਕਰਨਾ ਆਰੰਭ ਕੀਤਾ ਹੈ। ਅੱਜ ਦੀ ਨਾਰੀ ਪਰੰਪਰਾ ਦੀ ਜਕੜ ਵਿਚੋਂ ਨਿਕਲ ਕੇ ਆਪਣੇ ਆਪ ਨੂੰ ਵੱਖਰਤਾ ਵਿਚ ਰੂਪਮਾਨ ਕਰਦੀ ਨਜ਼ਰ ਆਉਂਦੀ ਹੈ, ਦੂਜਾ ਇਹ ਮਰਦ ਨੂੰ ਵਿਰੋਧੀ ਧਿਰ ਨਾ ਸਮਝਦੀ ਹੋਈ ਮਰਦ ਨੂੰ ਨਾਲ ਲੈ ਕੇ ਚੱਲਦੀ ਪੈਟ੍ਰੀਆਰਕੀ ਦੀ ਸੰਰਚਨਾ ਨੂੰ ਮੁੜ ਪ੍ਰਭਾਸ਼ਿਤ ਕਰਦੀ ਹੈ। ਚਰਨਜੀਤ ਕੌਰ ਆਪਣੀ ਪੁਸਤਕ 'ਨਾਰੀ ਚੇਤਨਾ' ਵਿਚ ਲਿਖਦੀ ਹੈ, 'ਨਾਰੀ ਚੇਤਨਾ' ਤੋਂ ਭਾਵ ਸੰਸਾਰ ਭਰ ਦੀਆਂ ਔਰਤਾਂ ਦੀ ਉਸ ਚੇਤਨਾਂ ਤੋਂ ਹੈ ਜੋ ਉਹ ਔਰਤਾਂ ਹੋਣ ਕਾਰਨ ਰਖਦੀਆਂ ਹਨ ਸਮੁੱਚੀ ਚੇਤਨਾ ਦਾ ਉਹ ਭਾਗ ਜੋ ਨਾਰੀਆਂ ਹੋਣ ਕਾਰਨ ਰਖਦੀਆਂ ਹਨ ਅਤੇ ਇਹ ਉਨ੍ਹਾਂ ਦੇ ਔਰਤ ਹੋਣ ਕਾਰਨ ਹੀ ਮਰਦ ਤੋਂ ਵੱਖਰਾ ਹੁੰਦਾ ਹੈ। ਐਨ ਉਸੇ ਤਰ੍ਹਾਂ ਜਿਵੇਂ ਮਰਦ ਦੀ ਚੇਤਨਾ ਦਾ ਸਭ ਕੁਝ ਭਾਗ ਮਰਦ ਹੋਣ ਕਾਰਨ ਔਰਤ ਤੋਂ ਵਖਰਾ ਹੈ। *'ਨਾਰੀ-ਚੇਤਨਾ' ਨੂੰ 'ਮਨੁੱਖੀ-ਚੇਤਨਾ' ਦੇ ਘੇਰੇ ਵਿਚ 'ਮਰਦ-ਚੇਤਨਾ' ਦੇ ਵਿਰੋਧ ਵਿਚ ਨਹੀਂ ਸਗੋਂ ਵੱਖਰਤਾ ਵਿਚ ਸਮਝਿਆ ਜਾ ਰਿਹਾ ਹੈ।*[2] ਹੱਥਲੇ ਖੋਜ-ਪੱਤਰ ਵਿਚ ਤ੍ਰਿਪਤਾ ਕੇ ਸਿੰਘ ਵੱਲੋਂ ਰਚਿਤ ਕਹਾਣੀ ਸੰਗ੍ਰਹਿ 'ਇਕ ਦਿਨ' ਦੇ ਪ੍ਰਸੰਗ ਵਿਚ ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਨਾਰੀ ਅੰਦਰ ਪੈਦਾ ਹੋਈ ਚੇਤਨਾ ਨੂੰ ਵਿਚਾਰਨ ਦਾ ਯਤਨ ਕੀਤਾ ਜਾਵੇਗਾ।

ਤ੍ਰਿਪਤਾ ਕੇ ਸਿੰਘ ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਨਵੀਂ ਸੁਰ ਪੇਸ਼ ਕਰਨ ਵਾਲੀ ਕਹਾਣੀਕਾਰਾ ਹੈ। ਤ੍ਰਿਪਤਾ ਕੇ ਸਿੰਘ ਦੀ ਕਹਾਣੀਆਂ ਨੂੰ ਮਿਆਰੀ ਸਾਹਿਤਕ ਰਸਾਲਿਆਂ ਵਿਚ ਗੰਭੀਰ ਆਲੋਚਕਾਂ ਅਤੇ ਪਾਠਕਾਂ ਦਾ ਵੀ ਭਰਵਾਂ ਹੁੰਗਾਰਾ ਮਿਲਦਾ ਰਿਹਾ ਹੈ। ਤ੍ਰਿਪਕਾ ਕੇ ਸਿੰਘ ਦਾ ਕਹਾਣੀ ਸੰਗ੍ਰਹਿ 'ਇਕ ਦਿਨ' ਉਸਨੂੰ ਪ੍ਰਸਿੱਧ ਪੰਜਾਬੀ ਕਹਾਣੀਕਾਰਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੰਦਾ ਹੈ। ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਵਿਚਲੀ ਔਰਤ ਨਵੇਂ ਦੌਰ ਦੇ ਸਨਮੁਖ ਹੁੰਦੀ ਹੋਈ ਆਰਥਿਕ ਪੱਖ ਤੋਂ ਮਜ਼ਬੂਤ ਹੋ ਕੇ ਉਭਰਦੀ ਹੈ, ਜੋ ਆਪਣੇ ਚੰਗੇ ਮਾੜੇ ਪ੍ਰਤੀ ਬੌਧਿਕ ਸੂਝ ਰੱਖਦੀ ਹੋਈ ਘਰ ਅਤੇ ਦਫ਼ਤਰੀ ਜ਼ਿੰਮੇਵਾਰੀਆਂ ਨੂੰ ਸਫ਼ਲਤਾ ਨਾਲ ਨਿਭਾਉਂਦੀ ਹੈ। ਇਹ ਔਰਤ, ਮਰਦ ਨੂੰ ਵਿਰੋਧੀ ਧਿਰ ਮੰਨਣ ਦੀ ਬਜਾਇ ਪੈਟ੍ਰੀਆਰਕੀ ਦੀਆਂ ਉਹਨਾਂ ਧਾਰਨਾਵਾਂ ਨੂੰ ਚੈਲੰਜ ਕਰਦੀ ਹੈ ਜੋ ਔਰਤ ਮਰਦ ਦੋਵਾਂ ਲਈ ਬੰਧਨ ਹਨ। ਇਹਨਾਂ ਕਹਾਣੀਆਂ ਦੇ ਨਾਰੀ ਪਾਤਰ ਮਰਦ ਨਾਲ ਬਰਾਬਰਤਾ ਦੇ ਮੁੱਦੇ ਤੋਂ ਪਾਰ ਜਾਂਦੇ ਹੋਏ ਆਪਣੀ ਅਸਤਿਤਵੀ ਹੋਂਦ-ਹਸਤੀ ਨੂੰ ਵਖਰੇਵੇਂ ਵਿਚ ਰਹਿ ਕੇ ਸਥਾਪਿਤ ਕਰਦੇ ਹਨ, ਭਾਵ ਇਹ ਨਾਰੀਤਵ ਨੂੰ ਸਵੀਕਾਰ ਕਰਦੇ ਹਨ। 'ਇਕ ਦਿਨ' ਕਹਾਣੀ ਔਰਤ ਦੇ ਅਜਿਹੇ ਬਿੰਬ ਨੂੰ ਉਘਾੜਦੀ ਹੈ, ਜਿਸਨੂੰ ਆਪਣੀ ਘਰ, ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਦਿਆਂ ਆਪਣੀ ਹੋਂਦ ਦੇ ਗੁਆਚੇ ਹੋਣ ਦਾ ਅਹਿਸਾਸ ਹੁੰਦਾ ਹੈ। ਇਸ ਕਹਾਣੀ ਦੀ ਮੁਖ ਪਾਤਰ ਆਸ਼ੂ ਆਪਣੇ ਪਤੀ ਦੇ ਦਫ਼ਤਰੀ ਕੰਮਕਾਜ ਕਰਦਿਆਂ ਘਰ ਅਤੇ ਬੱਚਿਆਂ ਦੀ ਦੇਖਭਾਲ ਵਿਚ ਰੁੱਝੀ ਰਹਿੰਦੀ ਹੈ। ਆਪਣੀਆਂ ਇੱਛਾਵਾਂ ਨੂੰ ਦਫ਼ਨਾਉਂਦੀ ਹੋਈ ਪਤੀ ਵੱਲੋਂ ਕੀਤੇ ਜਾਂਦੇ ਹਰ ਫ਼ੈਸਲੇ ਨੂੰ ਸਵੀਕਾਰ ਕਰ ਲੈਂਦੀ ਹੈ। ਵਿਆਹ ਤੋਂ ਬਾਅਦ ਪੜ੍ਹਾਈ ਪੂਰੀ ਕਰਨ ਦੀ ਇੱਛਾ ਜਾਂ ਹਨੀਮੂਨ ਤੇ ਨੈਨੀਤਾਲ ਜਾਣ ਦੀ ਇੱਛਾ ਅਤੇ ਇੱਥੋਂ ਤਕ ਕਿ ਗਲੀ ਗੁਆਂਢ ਦੀਆਂ ਔਰਤਾਂ ਨਾਲ ਵੀ ਕੋਈ ਗੱਲਬਾਤ ਨਹੀਂ ਕਰ ਸਕਦੀ। ਆਸ਼ੂ ਦੇ ਪਤੀ ਨੂੰ ਉਸ ਉਪਰ ਉਦੋਂ ਤੱਕ ਕੋਈ ਗਿਲਾ ਸ਼ਿਕਵਾ ਨਹੀਂ ਹੁੰਦਾ ਜਦੋਂ ਤੱਕ ਉਹ ਪੈਟ੍ਰੀਆਰਕੀ ਦੀ ਸੋਚ ਅਧੀਨ ਲਏ ਫ਼ੈਸਲਿਆ ਅਤੇ ਵਰਜਨਾਵਾਂ ਨੂੰ ਸਵੀਕਾਰ ਕਰਦੀ ਹੈ। ਪਤੀ ਵੱਲੋਂ ਭੋਲੀ ਭਾਲੀ ਤੇ ਚੁੱਪ ਚਾਪ ਰਹਿਣ ਵਾਲੀ ਆਪਣੀ ਪਤਨੀ ਆਸ਼ੂ ਦੇ ਜਨਮ ਦਿਨ ਉੱਪਰ ਲਿਖੀ ਚਿੱਠੀ ਵਿਚਲੀ ਮੰਗ ਹੈਰਾਨ ਕਰ ਦਿੰਦੀ ਹੈ, ਜਿਸਨੇ ਆਪਣੀ ਪਤਨੀ ਦੇ ਅਜਿਹੇ ਵਿਵਹਾਰ ਬਾਰੇ ਕਦੇ ਸੋਚਿਆ ਨਹੀਂ ਸੀ। ਆਸ਼ੂ ਆਪਣੇ ਸਵੈ ਪ੍ਰਤੀ ਚੇਤੰਨ ਹੁੰਦੀ ਆਪਣੇ ਪਤੀ ਕੋਲੋਂ ਇਕ ਦਿਨ ਦੀ ਮੰਗ ਕਰਦੀ ਹੈ, ਜਦੋਂ ਉਹ ਸਿਰਫ਼ ਆਪਣੇ ਆਪ ਲਈ ਜੀਅ ਸਕੇ। ਜਿਵੇਂ :

> *"ਅੱਜ ਆਪਣੇ ਜਨਮ ਦਿਨ ਦੇ ਤੋਹਫ਼ੇ ਦੇ ਤੌਰ 'ਤੇ ਜੋ ਮੈਂ ਤੁਹਾਡੇ ਤੋਂ ਮੰਗਣ ਜਾ ਰਹੀ ਹਾਂ, ਮੇਰੀ ਇਸ ਮੰਗ ਨੂੰ ਪਤਾ ਨਹੀਂ ਤੁਸੀਂ ਕਿਵੇਂ ਸਮਝੋਗੇ। ਮੈਂ ਤੁਹਾਡੇ ਤੋਂ ਸਿਰਫ਼ ਇਕ ਅਜਿਹੇ ਦਿਨ ਦੀ ਮੰਗ ਕਰਦੀ ਹਾਂ ਜਿਸ ਦਿਨ ਮੈਂ ਨਾ ਤੁਹਾਡੀ ਪਤਨੀ ਹੋਵਾਂ, ਨਾ ਕਿਸੇ ਦੀ ਮਾਂ ਹੋਵਾਂ, ਨਾ ਕਿਸੇ ਦੀ ਬੇਟੀ ਤੇ ਬਹੂ ਹੋਵਾਂ ਤੇ ਨਾ ਕੁਝ ਹੋਰ। ਉਸ ਇਕ ਦਿਨ ਮੈਂ ਸਿਰਫ਼ ਮੈਂ ਹੋਵਾਂ, ਸਿਰਫ਼ ਮੈਂ, ਆਸ਼ੂ। ਉਹ ਸਾਰਾ ਦਿਨ ਮੈਂ ਕਿੱਥੇ, ਕਿਸ ਨਾਲ ਤੇ ਕਿਵੇਂ ਗੁਜਾਰਿਆ, ਤੁਸੀਂ ਇਸ ਗੱਲ ਦੀ ਜਾਣਕਾਰੀ ਮੈਥੋਂ ਸਾਰੀ ਜ਼ਿੰਦਗੀ 'ਚ ਕਦੇ ਨਹੀਂ ਮੰਗੋਗੇ, ਕਦੀ ਵੀ ਨਹੀਂ।"*[3]

ਇਸ ਤਰ੍ਹਾਂ ਇਹ ਕਹਾਣੀ ਨਾਰੀ ਦੀ ਹੋਂਦ ਹਸਤੀ ਲਈ ਪੈਦਾ ਹੋਈ ਚੇਤਨਾ ਨੂੰ ਬਿਆਨ ਕਰਦੀ ਹੈ। ਤ੍ਰਿਪਤਾ ਕੇ ਸਿੰਘ ਦੀ ਅਗਲੀ ਕਹਾਣੀ 'ਜਾਇਆਵਡੀ' ਨਾਰੀ ਅੰਦਰ ਆਪਣੀ ਅਣਖ, ਇੱਜਤ ਨੂੰ ਬਚਾਉਣ ਲਈ ਸ਼ਸ਼ਕਤ ਔਰਤ ਵਜੋਂ ਸਾਹਮਣੇ ਆਉਂਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਜੀਤੋ ਦੇ ਪਿਤਾ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਨਾਨੀ ਅਤੇ ਬਾਬੇ ਵੱਲੋਂ ਮਾਂ ਦਾ ਦੂਜਾ ਵਿਆਹ ਚਾਚੇ ਚਮਨੇ ਨਾਲ ਕੀਤਾ ਜਾਂਦਾ ਹੈ। ਜੀਤੋ ਭੈਣ ਭਰਾਵਾਂ ਤੋਂ ਵੱਡੀ ਹੈ, ਜਿਸ ਕਰਕੇ ਉਸਨੂੰ ਪਰਿਵਾਰਿਕ ਸਥਿਤੀਆਂ ਨੂੰ ਸਮਝ ਹੈ। ਜਿਵੇਂ ਜਿਵੇਂ ਜੀਤੋ ਦੀ ਉਮਰ ਵਧਦੀ ਜਾਂਦੀ ਹੈ ਉਵੇਂ ਹੀ ਉਸਦਾ ਚਾਚਾ ਉਸਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ। ਜੀਤੋਂ ਆਪਣੇ ਚਾਚੇ ਦੀਆਂ ਜ਼ਿਆਦਤੀਆਂ ਅੱਗੇ ਚੁੱਪ ਰਹਿੰਦੀ ਹੈ, ਜਦੋਂ ਹੀ ਜੀਤੋਂ ਦੇ ਮਾਂ ਬਣਨ ਬਾਰੇ ਜੀਤੋ ਦੀ ਮਾਂ ਨੂੰ ਪਤਾ ਚਲਦਾ ਹੈ ਤਾਂ ਉਸਦਾ ਵਿਆਹ ਭਜਨੇ ਨਾਂ ਦੇ ਮੁੰਡੇ ਨਾਲ ਕਰ ਦਿੱਤਾ ਜਾਂਦਾ ਹੈ। ਭਜਨੇ ਨੂੰ ਨਸ਼ੇ ਦੀ ਭੈੜੀ ਆਦਤ ਹੋਣ ਕਾਰਨ ਉਸਦੇ ਵੈਲੀ ਵੀ ਘਰ ਆਉਂਦੇ ਹਨ ਜਿੰਨ੍ਹਾਂ ਦੀ ਨਜ਼ਰ ਜੀਤੋ ਉੱਪਰ ਟਿਕੀ ਰਹਿੰਦੀ ਹੈ। ਕੁਝ ਸਮੇਂ ਬਾਅਦ ਜੀਤੋ ਦੇ ਘਰ ਪੁੱਤਰ ਦਾ ਜਨਮ ਹੁੰਦਾ ਹੈ। ਜੀਤੋ ਦਾ ਮੁੰਡਾ ਸ਼ਿੰਦਾ ਵੀ ਨਸ਼ੇ ਦਾ ਸ਼ਿਕਾਰ ਹੋ ਜਾਂਦਾ ਹੈ। ਸ਼ਿੰਦਾ ਆਪਣੀ ਮਾਂ ਨੂੰ ਨਸ਼ੇ ਲਈ ਪੈਸੇ ਮੰਗਦਾ ਹੋਇਆ ਮਾਂ ਪੁੱਤਰ ਦੇ ਰਿਸ਼ਤੇ ਨੂੰ ਭੁੱਲ ਜਾਂਦਾ ਹੈ। ਇਹਨਾਂ ਮੁਸ਼ਕਲਾਂ ਦਾ ਸਾਹਮਣਾ ਕਰਦੀ ਜੀਤੋ ਅੰਤ ਆਪਣੀ ਅਣਖ ਦੀ ਖ਼ਾਤਰ ਆਪਣੇ ਪੁੱਤਰ ਸ਼ਿੰਦੇ ਦਾ ਕਤਲ ਕਰ ਦਿੰਦੀ ਹੈ :

> *"ਮੇਰੇ ਸਬਰ ਦੀ ਤੇ ਗੁੱਸੇ ਦੀ ਹੱਦ ਮੁੱਕ ਗਈ ਸੀ। ਧਰਤੀ ਆਸਮਾਨ ਮੈਨੂੰ ਘੁੰਮਦੇ ਨਜ਼ਰ ਆਉਣ ਲੱਗੇ। ਮੈਂ ਰੋਟੀ ਪਕਾਉਣ ਵਾਲਾ ਪੱਥਰ ਦਾ ਚਕਲਾ ਚੁੱਕ ਕੇ ਸਾਹਮਣੇ ਮੰਜੀ 'ਤੇ ਬੈਠੇ ਮਾਂ ਦੇ ਦੱਲੇ ਦੇ ਸਿਰ 'ਚ ਵਗਾਹ ਮਾਰਿਆ। ਉਹਦਾ ਸਿਰ ਦੋ ਫਾੜ ਹੋ ਗਿਆ ਤੇ ਉਹ ਮੰਜੇ 'ਤੇ ਬੈਠਾ-ਬੈਠਾ ਪਿਛਾਂਹ ਨੂੰ ਜਾ ਡਿੱਗਾ ਸੀ। ਬਾਣ ਵਾਲੇ ਮੰਜੇ ਵਿਚੋਂ ਲਹੂ ਚੋ-ਚੋ ਕੇ ਲਹੂ ਦਾ ਛੱਪੜ ਲੱਗ ਗਿਆ*

*ਸੀ। ਮੈਂ ਪੁਲਸ ਦੇ ਆਉਣ ਤਕ ਮੰਜੀ ਕੋਲ ਹੀ ਬੈਠੀ ਰਹੀ। ਇਕ ਵੀ ਹੰਝੂ ਮੇਰੀ ਅੱਖ 'ਚੋਂ ਨਹੀਂ ਸੀ ਡਿੱਗਿਆ।"*[4]

ਇਸ ਦ੍ਰਿਸ਼ਟੀਕੋਣ ਤੋਂ ਰਚੀ ਗਈ ਕਹਾਣੀ 'ਜਿੱਤੀ ਹੋਈ ਬਾਜੀ' ਅਜੋਕੀ ਨਾਰੀ ਦੇ ਸ਼ਸ਼ਕਤ ਰੂਪ ਨੂੰ ਉਘਾੜਦੀ ਹੈ। ਇਹ ਕਹਾਣੀ ਤਿੰਨ ਪੀੜ੍ਹੀਆਂ ਵਿਚ ਬਦਲ ਰਹੀ ਸੋਚ ਨੂੰ ਰੂਪਮਾਨ ਕਰਦੀ ਹੈ। ਕਹਾਣੀ ਵਿਚਲੇ ਨਾਰੀ ਪਾਤਰ ਮਿਹਨਤ ਮਜ਼ਦੂਰੀ ਨਾਲ ਆਪਣੇ ਪਰਿਵਾਰ ਲਈ ਰੋਜ਼ੀ ਰੋਟੀ ਦਾ ਪ੍ਰਬੰਧ ਕਰਦੇ ਹਨ। ਕਹਾਣੀ ਦੀ ਮੁੱਖ ਪਾਤਰ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੀ ਬੀਬੀ ਨਾਲ ਘਰ ਦਾ ਗੁਜ਼ਾਰਾ ਚਲਾਉਣ ਲਈ ਸਰਦਾਰਾਂ ਦੇ ਘਰ ਕੰਮ 'ਤੇ ਚਲੀ ਜਾਂਦੀ ਹੈ। ਇਸੇ ਦੌਰਾਨ ਉਹ ਸਰਦਾਰ ਦੀ ਹਵਸ ਪੂਰਤੀ ਦਾ ਸ਼ਿਕਾਰ ਹੋ ਜਾਂਦੀ ਹੈ, ਦਬੀ ਘੁਟੀ ਇਹ ਸਭ ਸਹਿਣ ਕਰ ਲੈਂਦੀ ਹੈ। ਸਮਾਜ ਦੇ ਤਾਹਨਿਆਂ ਮਿਹਣਿਆਂ ਤੋਂ ਬਚਣ ਲਈ ਮਾਂ ਵੱਲੋਂ ਉਸਦਾ ਵਿਆਹ ਦੇਸੇ ਨਾਲ ਕਰਵਾ ਦਿੱਤਾ ਜਾਂਦਾ ਹੈ। ਦੇਸੇ ਦੀ ਕੁਝ ਸਮੇਂ ਬਾਅਦ ਹੀ ਤੀਜੀ ਮੰਜ਼ਿਲ ਤੋਂ ਡਿੱਗਣ ਕਾਰਨ ਮੌਤ ਹੋ ਜਾਂਦੀ ਹੈ, ਜਿਸ ਕਾਰਨ ਮੁਖ ਪਾਤਰ ਫਿਰ ਤੋਂ ਦੁੱਖਾਂ ਵਿਚ ਘਿਰ ਜਾਂਦੀ ਹੈ। ਉਹ ਆਪਣੇ ਪਰਿਵਾਰ ਅਤੇ ਬੱਚਿਆਂ ਵੱਲ ਦੇਖਦੀ ਮੁੜ ਹਿੰਮਤ ਕਰਦੀ ਬਾਕੀ ਔਰਤਾਂ ਖੇਤਾਂ ਵਿਚ ਜਾਣਾ ਸ਼ੁਰੂ ਕਰ ਦਿੱਤੀ ਹੈ, ਪਰ ਆਪਣੀ ਧੀ ਰਾਣੋ ਦੇ ਵੱਡੀ ਹੋਣ ਦੇ ਫ਼ਿਕਰ ਕਾਰਨ ਲੰਬੜਦਾਰਾਂ ਦੇ ਘਰ ਗੋਹਾਂ ਕੂੜਾ ਸੁੱਟਣ ਲੱਗਦੀ ਹੈ। ਬੁਖਾਰ ਹੋਣ ਕਰਕੇ ਮਾਂ ਆਪਣੀ ਧੀ ਰਾਣੋ ਕੰਮ ਤੇ ਤੋਰ ਦਿੰਦੀ ਹੈ, ਲੰਬੜਦਾਰ ਰਾਣੋ ਨਾਲ ਸਰੀਰਿਕ ਪੱਧਰ ਤੇ ਛੇੜ-ਛਾੜ ਕਰਦਾ ਹੈ ਤਾਂ ਰਾਣੋ ਆਪਣੀ ਅਣਖ਼, ਇੱਜਤ ਦੀ ਰਖਵਾਲੀ ਲਈ ਉਸਨੂੰ ਵੰਗਾਰਦੀ ਹੈ :

*"ਮੈਂ ਤਾਂ ਖਾਖਾਂ ਪਾੜ ਦਊਂ ਜਿਹੜਾ ਮੈਨੂੰ ਮੈਲੀ ਅੱਖ ਨਾਲ ਵੇਖੂ, ਤੇਰੀ ਕੁੱਤਿਆ, ਹਿੰਮਤ ਕਿੱਦਾਂ ਪਈ ਮੈਨੂੰ ਹੱਥ ਲਾਉਣ ਦੀ।"*[5]

ਇਸ ਯੁੱਗ ਦੀ ਔਰਤ ਜਨਣ ਅਧਿਕਾਰ ਤੋਂ ਮੁਕਤ ਹੋਣ ਦੀ ਬਜਾਇ ਆਪਣੀ ਇਸ ਸਿਰਜਣਾਤਮਕ ਸ਼ਕਤੀ ਨੂੰ ਵਿਲੱਖਤਣਾ ਵਜੋਂ ਸਵੀਕਾਰ ਕਰਦੀ ਹੈ। ਇਸ ਵਿਲੱਖਣ ਗੁਣ ਵਜੋਂ ਆਪਣੀ ਹੋਂਦ ਹਸਤੀ ਦੀ ਪਹਿਚਾਣ ਇਕ ਮਨੁੱਖ ਵਜੋਂ ਕਰਵਾਉਣਾ ਚਾਹੁੰਦੀ ਹੈ। ਜਿਸ ਤਰ੍ਹਾਂ ਰੈਡੀਕਲ ਨਾਰੀਵਾਦ ਨਾਲ ਸੰਬੰਧਿਤ ਔਰਤਾਂ ਨੇ ਮਰਦਾਂ ਵਾਂਗ ਵਿਚਰਨਾ ਸ਼ੁਰੂ ਕਰ ਦਿੱਤਾ ਸੀ, ਇਸਦੇ ਵਿਪਰੀਤ ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਔਰਤ ਆਪਣੇ ਅਸਤਿਤਵ ਨੂੰ ਇਕ ਔਰਤ ਵਜੋਂ ਕਾਇਮ ਕਰਨਾ ਚਾਹੁੰਦੀ ਹੈ। ਭਾਵ ਉਹ ਆਪਣੇ ਨਾਰੀਤਵ ਦੇ ਗੁਣਾਂ ਪ੍ਰਤੀ ਜਾਗਰੂਕ ਹੋ ਚੁੱਕੀ ਹੈ। ਪੱਛਮੀ ਨਾਰੀਵਾਦੀ ਚਿੰਤਕਾਂ ਦੀਆਂ ਧਾਰਨਾਵਾਂ ਨਾਰੀ ਦੇ ਇਸ ਵਿਲੱਖਣ ਗੁਣ ਨੂੰ ਉਸਦੀ ਮਰਦ ਤੋਂ ਦੇਰੀ ਵੱਖਰਤਾ ਵਜੋਂ ਨਿਖੇੜਦੀਆਂ ਹਨ। *'ਹੈਲੇਨ ਸਿੱਖੂ ਇਸ ਕੋਰਿਕ/ਬ੍ਰਹਿਮੰਡੀ ਮੱਧਿਆਸਥਿਤਾ ਨੂੰ ਨਾਰੀ ਵਿਚ ਆਇਆ ਇਕ ਵਾਧਾ ਮੰਨਦੀ ਹੈ, ਜਿਸ ਨਾਲ ਇੱਕ ਔਰਤ ਆਪਣੇ ਆਪ ਨੂੰ ਬਿਨ੍ਹਾਂ ਕਿਸੇ ਸੀਮਿਤ ਹਿੱਤ ਦੇ ਨਿਰਅਧੀਨ ਕਰਨ ਦੀ ਸਮਰੱਥਾ ਮਿਲਦੀ ਹੈ।'*[6] ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਬਿਨਾਂ ਧੁੱਪ ਪਰਛਾਵੇਂ' ਨਾਰੀ ਦੇ ਇਸ ਸਿਰਜਣਾਤਮਕ ਗੁਣ ਉਭਾਰਦੀ ਹੈ। ਇਸ ਕਹਾਣੀ ਦੀ ਮੁਖ ਪਾਤਰ ਵਸੁਧਾ ਔਲਾਦ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ, ਜਿਸ ਕਾਰਨ ਵਾਸੁਧਾ ਮਾਨਸਿਕ ਤੌਰ 'ਤੇ ਰਹਿੰਦੀ ਹੈ। ਉਸਦਾ ਪਤੀ ਸੁਧੀਰ ਵਾਸੁਧਾ ਦੀ ਇਸੇ ਮਾਨਸਿਕ ਹਾਲਤ ਨੂੰ ਭਾਪਦਿਆਂ ਹਸਪਤਾਲ ਚੈੱਕਅਪ ਕਰਵਾਉਂਦਾ ਹੈ ਤਾਂ ਵਾਸੁਧਾ ਦੀ ਪ੍ਰੈਗਨੈਂਸੀ ਰਿਪੋਰਟ ਨੈਗੇਟਿਵ ਆਉਂਦੀ ਹੈ। ਦੂਜੇ ਪਾਸੇ ਵਾਸੁਧਾ ਦਾ ਪ੍ਰੈਗਨੈਂਸੀ ਵਾਲਾ ਭਰਮ ਦਿਨ-ਬ-ਦਿਨ ਵਧਦਾ ਜਾਂਦਾ ਹੈ, ਉਹ ਹਰ ਉਸ ਅਨੁਭਵ ਨੂੰ ਮਹਿਸੂਸ ਕਰਦੀ ਹੈ ਜੋ ਇਕ ਪ੍ਰੈਗਨੈਂਟ ਲੈਡੀ ਨੂੰ ਅਨੁਭਵ ਹੁੰਦਾ ਹੈ। ਡਾਕਟਰ ਦੇ ਅਨੁਸਾਰ ਵਾਸੁਧਾ ਫਾਸਲ ਪ੍ਰੈਗਨੈਂਸੀ ਨੂੰ ਅਸਲ ਮੰਨ ਬੈਠੀ ਹੈ, ਜਿਸ ਕਾਰਨ ਉਹ ਮਾਨਸਿਕ ਰੋਗੀ ਹੋ ਜਾਂਦੀ ਹੈ। ਵਾਸੁਧਾ ਦੇ ਹਸਪਤਾਲ ਵਿਚ ਆਪਣੇ ਬੱਚੇ ਪ੍ਰਤੀ ਦਿਖਾਈ ਮਮਤਾ ਤੋਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਵਿਸ਼ਵੀਕਰਨ ਦੇ ਦੌਰ ਅੰਦਰ ਵੀ ਔਰਤ ਬਾਲ ਜੰਮਣ ਦੀ ਚਾਹਤ ਤੋਂ ਮੁਨਕਰ ਨਹੀਂ ਸਗੋਂ ਉਹ ਇਸ ਸੁਖ ਰਾਹੀਂ ਆਪਣੀ ਆਪ ਨੂੰ ਸੰਪੂਰਨ ਕਰਨਾ ਚਾਹੁੰਦੀ ਹੈ। ਜਿਵੇ :

*"ਵਸੁਧਾ, ਵਸੂ ਦੇ ਸਾਰੇ ਕੰਮ ਠੀਕ ਉਵੇਂ ਹੀ ਕਰਦੀ ਜਿਵੇਂ ਕੋਈ ਸੱਚੀ-ਮੁੱਚੀ ਦੀ ਮਾਂ ਆਪਣੇ ਬੱਚੇ ਲਈ ਕਰਦੀ ਹੋਵੇ। ਸੁਧੀਰ ਨੂੰ ਹੈਰਾਨੀ ਹੁੰਦੀ ਇਹ ਸਭ ਵੇਖ ਕੇ ਕਿ ਕਿਵੇਂ ਵਸੁਧਾ ਨੇ ਵਸੂ ਦੀ ਮਾਂ ਨੂੰ ਆਪਣੇ ਅੰਦਰ ਆਤਮ-ਸਾਤ ਕਰ ਲਿਆ ਸੀ।"*[7]

ਵਰਤਮਾਨ ਯੁੱਗ ਵਿਚ ਨਾਰੀ ਨੇ ਹਰ ਖੇਤਰ ਵਿਚ ਆਪਣੀ ਸ਼ਮੂਲੀਅਤ ਦੇਣੀ ਆਰੰਭ ਕਰ ਦਿੱਤੀ ਹੈ। ਘਰ ਤੋਂ ਬਾਹਰ ਨਿਕਲ ਉਹ ਸਮਾਜਿਕ ਗਤੀਵਿਧੀਆਂ ਵਿਚ ਵੀ ਆਪਣੀ ਭਰਵੀਂ ਜਿੰਮੇਦਾਰੀ ਪਾ ਰਹੀ ਹੈ। ਘਰ ਅਤੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਵਫ਼ਾਦਾਰੀ ਨਿਭਾਉਂਦੀ ਹੋਈ ਅੱਗੇ ਆ ਰਹੀ ਹੈ। ਤ੍ਰਿਪਤਾ ਕੇ ਸਿੰਘ ਦੀ ਕਹਾਣੀਆਂ 'ਸੁਪਨੇ ਜਿਉਂ ਸੰਸਾਰ', 'ਸੈਵਨਥ ਸੈਂਸ', 'ਜਾਇਆਵਡੀ', 'ਜਿੱਤੀ ਹੋਈ ਬਾਜੀ' ਦੇ ਨਾਰੀ ਪਾਤਰ ਛੋਟੇ ਵੱਡੇ ਕੰਮਕਾਜ ਕਰਦੇ ਘਰ ਅਤੇ ਸਮਾਜ ਵਿਚ ਆਰਥਿਕ ਪੱਖ ਤੋਂ ਭੂਮਿਕਾ ਨਿਭਾਉਂਦੇ ਹੋਏ ਆਪਣੀ ਵੱਖਰੀ ਛਾਪ ਛੱਡਦੇ ਹਨ। ਮਿਹਨਤ, ਮੁਸ਼ੱਕਤ ਕਰਨ ਦੇ ਨਾਲ ਪਿਤਰਕੀ ਦੀ ਮਰਦਾਵੀਂ ਸੋਚ ਨਾਲ ਵੀ ਟਾਕਰਾ ਲੈਂਦੇ ਹਨ। 'ਸੈਵਨਥ ਸੈਂਸ' ਕਹਾਣੀ ਦੀ ਨਾਰੀ ਪਾਤਰ ਅਨੁਪਮਾ ਆਪਣੇ ਦਫ਼ਤਰ ਵਿਚ ਕੰਮ ਕਰਦੇ ਮਰਦ ਕੁਲੀਗਜ਼ ਦੀਆਂ ਮਸ਼ਕਰੀਆਂ ਦਾ ਮੂਕ ਅਵਸਥਾ ਵਿਚ ਜਵਾਬ ਦਿੰਦੀ ਹੈ। ਦੂਜਾ ਉਸਦੇ ਦਫ਼ਤਰ ਵਿਚ ਕੰਮ ਕਰਦੇ ਮੁਖ ਪਾਤਰ ਦੀ ਅਨੁਪਮਾ ਨਾਲ ਦੋਸਤੀ ਹੋ ਜਾਂਦੀ ਹੈ। ਮੁਖ ਪਾਤਰ ਆਪਣੇ ਮਰਦ ਸਾਥੀਆਂ ਦੀਆਂ ਗੱਲਾਂ ਵਿਚ ਆ ਕੇ ਅਨੁਪਮਾ ਨਾਲ ਨੇੜਤਾ ਵਧਾਉਣਾ ਚਾਹੁੰਦਾ ਹੈ। ਮੌਸਮ ਖ਼ਰਾਬ ਹੋਣ ਕਾਰਨ ਅਨੁਪਮਾ ਮੁਖ ਪਾਤਰ ਦੇ ਘਰ ਚਲੀ ਜਾਂਦੀ ਹੈ ਤਾਂ ਉਹ ਅਨੁਪਮਾ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ। ਚਾਹ ਬਣਾਉਣ ਗਏ ਮੁਖ ਪਾਤਰ ਤੋਂ ਬਾਅਦ ਉਥੋਂ ਨਿਕਲ ਜਾਂਦੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਇਹ ਨਾਰੀ ਪਾਤਰ ਆਪਣੀ ਆਰਥਿਕ ਸਮਰੱਥਾ ਨੂੰ ਮਜ਼ਬੂਤ ਕਰਨ ਦੀ ਆਜ਼ਾਦੀ ਮਿਲਣ ਦੇ ਨਾਲ ਘਰੋਂ ਬਾਹਰ ਜਾਣ ਤੋਂ ਬਾਅਦ ਘਰ ਨੂੰ ਪਰਤਣ ਨੂੰ ਪਹਿਲ ਦਿੰਦੇ ਹਨ। ਇਸ ਤਰ੍ਹਾਂ ਕਹਾਣੀ ਤੋਂ ਸਪੱਸ਼ਟ ਹੁੰਦਾ ਹੈ :

*"ਮੈਂ ਆਵੇਗ 'ਚ ਆ ਕੇ ਉਸਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ। ਉਹ ਮੇਰੀਆਂ ਬਾਹਾਂ ਵਿਚ ਸੁੰਗੜ ਜਿਹੀ ਗਈ ਤੇ ਫਿਰ ਆਪਣੇ ਆਪ ਨੂੰ ਆਜ਼ਾਦ ਕਰਵਾ ਕੇ ਪਾਸੇ ਹੋ ਕੇ ਖੜ੍ਹ ਗਈ। "ਤੂੰ ਬੈਠ, ਮੈਂ ਚਾਹ ਬਣਾ ਕੇ ਲਿਆਉਨਾ।" ਆਖ ਮੈਂ ਰਸੋਈ ਵੱਲ ਨੂੰ ਹੋ ਗਿਆ। ਰਸੋਈ ਦੀ ਖਿੜਕੀ ਵਿਚੋਂ ਮੈਂ ਬਾਹਰ ਵੇਖਿਆ, ਬਾਰਿਸ਼ ਹੋਰ ਤੇਜ਼ ਗਈ ਸੀ। ਮੇਰੇ ਦਿਲ ਵਿਚ ਉਥਲ-ਪੁੱਥਲ ਮੱਚੀ ਹੋਈ ਸੀ। ਮੈਂ ਚਾਹ ਬਣਾ ਕੇ ਕਮਰੇ ਵਿਚ ਆਇਆ ਤਾਂ ਵੇਖਿਆ ਅਨੁਪਮਾ ਜਾ ਚੁੱਕੀ ਸੀ।"*[8]

ਉਪਰੋਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਤ੍ਰਿਪਤਾ ਕੇ ਸਿੰਘ ਦੀਆਂ ਵਿਸ਼ਵੀਕਰਨ ਪ੍ਰਭਾਵ ਅਧੀਨ ਪੈਦਾ ਹੋਈ ਨਾਰੀ ਚੇਤਨਾ ਨੂੰ ਪ੍ਰਸਤੁਤ ਕਰਦੀਆਂ ਹਨ। ਇਹਨਾਂ ਕਹਾਣੀਆਂ ਦੇ ਨਾਰੀ ਪਾਤਰ ਸਮਾਜਿਕ, ਆਰਥਿਕ ਅਤੇ

ਮਾਨਸਿਕ ਗੁੰਝਲਾਂ ਵਿਚ ਫਸੇ ਹੋਣ ਬਾਵਜੂਦ ਤਰਸ ਦੇ ਪਾਤਰ ਨਹੀਂ ਬਣਦੇ ਸਗੋਂ ਪਰਸਥਿਤੀਆਂ ਨਾਲ ਨਜਿੱਠਦੇ ਹੋਏ ਆਪਣੀ ਮਨਮਰਜ਼ੀ ਨਾਲ ਜ਼ਿੰਦਗੀ ਜਿਉਣ ਦੇ ਢੰਗ ਅਪਣਾਉਂਦੇ ਹਨ। ਇਹ ਪਾਤਰ ਮਰਦ ਦੀ ਵਿਰੋਧਤਾ ਕਰਨ ਦੀ ਬਜਾਇ ਆਪਣੀ ਸੁਤੰਤਰ ਹੋਂਦ ਨੂੰ ਸਥਾਪਿਤ ਕਰਨ ਵੱਲ ਉਲਾਰ ਹਨ। ਤ੍ਰਿਪਤਾ ਕੇ ਸਿੰਘ ਦੀਆਂ ਕਹਾਣੀਆਂ ਔਰਤ ਮਰਦ ਦੇ ਸਾਂਵੇ ਸੰਬੰਧਾਂ ਦੀ ਤਰਜਮਾਨੀ ਕਰਦੀਆਂ ਹਨ। ਇਹਨਾਂ ਕਹਾਣੀਆਂ ਵਿਚ ਪਿਤਰਕੀ ਦੇ ਸੂਖ਼ਮ ਅਤੇ ਸਥੂਲ ਵਿਚਾਰਾਂ ਉੱਪਰ ਵੀ ਕਟਾਖਸ਼ ਕੀਤਾ ਗਿਆ ਹੈ।

## *ਹਵਾਲੇ ਅਤੇ ਟਿੱਪਣੀਆ*


1. *ਜੰਮੂ, ਪਰਕਾਸ਼ ਸਿੰਘ, (ਮੁੱਖ ਸੰਪਾਦਕ), 1999, ਵਿਸ਼ਵੀਕਰਨ ਉਦਾਰੀਕਰਨ ਅਤੇ ਪੰਜਾਬ ਸਮਾਜਕ ਵਿਗਿਆਨ ਪੱਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 9*
2. *ਚਰਨਜੀਤ ਕੌਰ, 1999, ਨਾਰੀ ਚੇਤਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 15*
3. *ਤ੍ਰਿਪਤਾ ਕੇ ਸਿੰਘ, 2019, ਇਕ ਦਿਨ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਪੰਨਾ: 85-86*
4. *ਉਹੀ, ਪੰਨਾ: 97*
5. *ਉਹੀ, ਪੰਨਾ: 103*
6. *ਕਾਵਿ-ਸ਼ਾਸਤਰ, 2018, ਅਪ੍ਰੈਲ-ਜੂਨ, ਉਤਰਆਧੁਨਿਕਤਾ, ਅੰਕ-11, ਪੰਨਾ: 66*
7. *ਤ੍ਰਿਪਤਾ ਕੇ ਸਿੰਘ, 2019, ਇਕ ਦਿਨ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਪੰਨਾ: 57*
8. *ਉਹੀ, ਪੰਨਾ: 144*



## *Cite this Article-*

*ਮਨਪ੍ਰੀਤ ਕੌਰ (Manpreet Kaur), ਵਿਸ਼ਵੀਕਰਨ ਦੇ ਦੌਰ ਵਿਚ ਨਾਰੀ ਚੇਤਨਾ: 'ਇਕ ਦਿਨ' ਦੇ ਸੰਦਰਭ ਵਿਚ (Vishvikarn De Dor Vich Nari Chetna: 'Ikk Din' De Sandarbh Vich), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 131-134.*

*Journal URL: www.armaan.org.in*

*DOI: https://doi.org/10.64119/armaan.vol.4.issue2.24*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*